# Environmental Health Disparities ਦੇ ਨਕਸ਼ੇ ਅਤੇ ਸਹਾਇਕ ਟੂਲਸ ਦੀ ਵਰਤੋਂ ਕਰਨਾ

## ਵਾਤਾਵਰਣ ਸੰਬੰਧੀ ਅਸਮਾਨਤਾਵਾਂ ਦਾ ਬੋਝ ਝੱਲ ਰਹੇ ਭਾਈਚਾਰਿਆਂ ਦੀ ਪਛਾਣ ਕਰਨਾ

## *Washington Environmental Health Disparities (EHD, ਵਾਸ਼ਿੰਗਟਨ ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾਵਾਂ) ਦਾ ਨਕਸ਼ਾ*

## Environmental Health Disparities ਦਾ ਨਕਸ਼ਾ ਕੀ ਹੈ?

Washington Environmental Health Disparities (EHD) ਦਾ ਨਕਸ਼ਾ ਇੰਟਰਐਕਟਿਵ ਮੈਪਿੰਗ ਟੂਲ ਹੈ ਜੋ ਇਹ ਦਰਸਾਉਂਦਾ ਹੈ ਕਿ ਵਾਸ਼ਿੰਗਟਨ ਵਿੱਚ ਲੋਕਾਂ ਨੂੰ ਆਪਣੀ ਸਿਹਤ 'ਤੇ ਪੈਣ ਵਾਲੇ ਵਾਤਾਵਰਣ ਸੰਬੰਧੀ ਪ੍ਰਭਾਵਾਂ ਦੇ ਸਭ ਤੋਂ ਵੱਧ ਜੋਖਮ ਦਾ ਸਾਹਮਣਾ ਕਰਨ ਦੀ ਸੰਭਾਵਨਾ ਕਿੱਥੇ ਹੈ। ਸਿਹਤ ਅਸਮਾਨਤਾਵਾਂ ਕਿਸੇ ਇੱਕ ਕਾਰਨ ਕਰਕੇ ਨਹੀਂ ਹੁੰਦੀਆਂ ਹਨ। ਇਹ ਸਮਾਜਿਕ, ਵਾਤਾਵਰਣ ਸੰਬੰਧੀ ਅਤੇ ਜੈਵਿਕ ਕਾਰਕਾਂ ਦੇ ਨਸਲਵਾਦ ਅਤੇ ਬਸਤੀਵਾਦ ਸਮੇਤ ਜ਼ੁਲਮ ਦੀਆਂ ਪ੍ਰਣਾਲੀਆਂ ਦੇ ਆਪਸੀ ਮੇਲ-ਜੋਲ ਰਾਹੀਂ ਪੈਦਾ ਹੁੰਦੀਆਂ ਹਨ। ਇਹ ਕਾਰਕ ਆਪਸ ਵਿੱਚ ਮਿਲ ਕੇ ਕੁਝ ਭਾਈਚਾਰਿਆਂ ਵਿੱਚ ਵਧੇਰੇ ਪ੍ਰਭਾਵ ਪੈਦਾ ਕਰ ਸਕਦੇ ਹਨ।

EHD ਨਕਸ਼ਾ ਵਾਸ਼ਿੰਗਟਨ ਦੇ ਹਰੇਕ ਖੇਤਰ ਲਈ ਸਕੋਰ ਤਿਆਰ ਕਰਨ ਵਾਸਤੇ ਪ੍ਰਦੂਸ਼ਣ ਦੇ ਡੇਟਾ ਨੂੰ ਭਾਈਚਾਰਕ ਕਮਜ਼ੋਰੀਆਂ ਬਾਰੇ ਜਾਣਕਾਰੀ ਨਾਲ ਜੋੜਦਾ ਹੈ। ਹਰੇਕ ਖੇਤਰ ਨੂੰ ਦੂਜਿਆਂ ਦੇ ਮੁਕਾਬਲੇ ਜਾਂ ਉਹਨਾਂ ਦੀ ਤੁਲਨਾ ਵਿੱਚ ਰੈਂਕ ਦਿੱਤਾ ਜਾਂਦਾ ਹੈ। EHD ਨਕਸ਼ੇ ਦੇ ਰੈਂਕ ਥ੍ਰੈਸ਼ਹੋਲਡ ਜਾਂ ਰੇਂਜਾਂ ਦੀ ਬਜਾਏ ਆਪਸੀ ਅੰਤਰ 'ਤੇ ਆਧਾਰਿਤ ਹੁੰਦੇ ਹਨ। ਰੈਂਕਸ ਨੂੰ 1 ਤੋਂ 10 ਤੱਕ ਨੰਬਰ ਦਿੱਤੇ ਗਏ ਹਨ। ਇਸ ਪਹੁੰਚ ਦੀ ਵਰਤੋਂ ਕਰਨ ਨਾਲ ਸਾਨੂੰ ਇਹ ਪਤਾ ਲਗਾਉਣ ਵਿੱਚ ਮਦਦ ਮਿਲ ਸਕਦੀ ਹੈ ਕਿ ਕਿੱਥੇ ਵਧੇਰੇ ਧਿਆਨ ਅਤੇ ਸਰੋਤਾਂ ਦੀ ਲੋੜ ਹੈ।

EHD ਨਕਸ਼ੇ ਲਈ, ਅਸੀਂ ਜਨਗਣਨਾ ਖੇਤਰਾਂ ਨੂੰ "ਭਾਈਚਾਰੇ" ਵਜੋਂ ਦਰਸਾਉਂਦੇ ਹਾਂ। ਹਾਲਾਂਕਿ, ਭਾਈਚਾਰੇ ਆਮ ਤੌਰ 'ਤੇ ਆਪਣੇ ਆਪ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਨਹੀਂ ਕਰਦੇ। ਜਨਗਣਨਾ ਖੇਤਰਾਂ ਦਾ ਭੂਗੋਲਿਕ ਆਕਾਰ ਆਬਾਦੀ ਦੀ ਘਣਤਾ ਦੇ ਆਧਾਰ 'ਤੇ ਵੱਖ-ਵੱਖ ਹੁੰਦਾ ਹੈ। ਖੇਤਰ ਵਿੱਚ ਔਸਤ ਆਬਾਦੀ 5,000 ਲੋਕਾਂ ਦੀ ਹੁੰਦੀ ਹੈ, ਪਰ ਇਹ ਲਗਭਗ 2,000 ਤੋਂ 8,000 ਲੋਕਾਂ ਤੱਕ ਵੱਖ-ਵੱਖ ਹੋ ਸਕਦੀ ਹੈ।

2021 ਵਿੱਚ, ਵਿਧਾਨ ਸਭਾ ਨੇ Healthy Environment for All Act (HEAL Act, ਸਾਰਿਆਂ ਲਈ ਸਿਹਤਮੰਦ ਵਾਤਾਵਰਣ ਐਕਟ) ਤਹਿਤ Department of Health (DOH, ਸਿਹਤ ਵਿਭਾਗ) ਨੂੰ EHD ਨਕਸ਼ੇ ਨੂੰ ਅੱਪਡੇਟ ਕਰਨ ਅਤੇ ਬਣਾਈ ਰੱਖਣ ਲਈ ਨਿਰਦੇਸ਼ ਦਿੱਤੇ। HEAL ਐਕਟ 7 ਰਾਜ ਏਜੰਸੀਆਂ ਲਈ ਕੁਝ ਅਜਿਹੀਆਂ ਏਜੰਸੀ ਗਤੀਵਿਧੀਆਂ ਵਿੱਚ ਭਾਈਚਾਰਿਆਂ ਨੂੰ ਬਰਾਬਰੀ ਨਾਲ ਸ਼ਾਮਲ ਕਰਨਾ ਲਾਜ਼ਮੀ ਕਰਦਾ ਹੈ, ਜੋ ਵਾਤਾਵਰਣ ਸੰਬੰਧੀ ਲਾਭ ਜਾਂ ਨੁਕਸਾਨ ਪੈਦਾ ਕਰ ਸਕਦੀਆਂ ਹਨ। ਇਸ ਤੋਂ ਇਲਾਵਾ, ਇਨ੍ਹਾਂ ਏਜੰਸੀਆਂ ਨੂੰ ਵਾਤਾਵਰਣ ਸੰਬੰਧੀ ਨਿਆਂ ਦੇ ਮੁਲਾਂਕਣ ਕਰਨ ਦੀ ਲੋੜ ਹੁੰਦੀ ਹੈ। ਇਹ ਮੁਲਾਂਕਣ ਇਤਿਹਾਸਕ ਅਤੇ ਮੌਜੂਦਾ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਏਜੰਸੀ ਦੇ ਫੈਸਲਿਆਂ ਦੀ ਅਗਵਾਈ ਕਰਨ ਲਈ ਹਨ। ਇਹ ਵਾਤਾਵਰਣ ਸੰਬੰਧੀ ਲਾਭਾਂ ਅਤੇ ਨੁਕਸਾਨਾਂ ਦੀ ਬਰਾਬਰ ਵੰਡ ਨੂੰ ਵੀ ਯਕੀਨੀ ਬਣਾਉਂਦੇ ਹਨ। HEAL ਐਕਟ ਅਨੁਸਾਰ EHD ਨਕਸ਼ਾ ਇੱਕ ਅਜਿਹਾ ਸਾਧਨ ਹੈ ਜੋ ਇਨ੍ਹਾਂ ਗਤੀਵਿਧੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਕਰ ਸਕਦਾ ਹੈ।

Healthy Environment for All
WASHINGTON STATE DEPARTMENT OF HEALTH

## ਕਿਰਪਾ ਕਰਕੇ ਧਿਆਨ ਦਿਓ:

- HEAL ਐਕਟ ਦੇ ਕਾਨੂੰਨ ਤਹਿਤ ਭਾਈਚਾਰਿਆਂ ਦੀ ਪਛਾਣ ਕਰਨ ਲਈ ਕੋਈ ਵੀ ਟੂਲ ਪੂਰੀ ਤਰ੍ਹਾਂ ਸੰਪੂਰਨ ਨਹੀਂ ਹੈ। ਅਸੀਂ ਜ਼ਿਆਦਾ ਬੋਝ ਵਾਲੇ ਭਾਈਚਾਰਿਆਂ ਅਤੇ ਕਮਜ਼ੋਰ ਆਬਾਦੀ ਦੀ ਪਛਾਣ ਕਰਨ ਲਈ ਵਾਧੂ ਟੂਲਸ, ਸਥਾਨਕ ਡੇਟਾਸੈੱਟਸ ਅਤੇ ਸਰੋਤਾਂ ਦੇ ਨਾਲ EHD ਨਕਸ਼ੇ ਦੀ ਵਰਤੋਂ ਕਰਨ ਦੀ ਸਿਫ਼ਾਰਸ਼ ਕਰਦੇ ਹਾਂ।

- ਅਸੀਂ ਮੰਨਦੇ ਹਾਂ ਕਿ HEAL ਐਕਟ ਵਿੱਚ ਵਰਤੀ ਗਈ ਭਾਸ਼ਾ ਉਸ ਤਰੀਕੇ ਨਾਲ ਨਹੀਂ ਹੋ ਸਕਦੀ ਜਿਸ ਤਰ੍ਹਾਂ ਭਾਈਚਾਰੇ ਆਪਣੇ ਆਪ ਨੂੰ ਬਿਆਨ ਕਰਦੇ ਹਨ ਜਾਂ ਆਪਣੀ ਪਛਾਣ ਕਰਦੇ ਹਨ। ਕੁਝ ਭਾਈਚਾਰੇ "ਜ਼ਿਆਦਾ ਬੋਝ ਵਾਲੇ" ਜਾਂ "ਕਮਜ਼ੋਰ" ਭਾਈਚਾਰਿਆਂ ਦੀ ਬਜਾਏ ਵੱਖ-ਵੱਖ ਸ਼ਬਦਾਂ ਨੂੰ ਤਰਜੀਹ ਦਿੰਦੇ ਹਨ। ਕੁਝ ਤਰਜੀਹੀ ਸ਼ਬਦਾਂ ਵਿੱਚ "ਘੱਟ ਗਿਣਤੀ ਵਜੋਂ ਦਰਸਾਏ ਗਏ" ਜਾਂ "ਅਦਿੱਖ ਕੀਤੇ ਗਏ" ਸ਼ਬਦ ਸ਼ਾਮਲ ਹਨ। ਅਸੀਂ ਇਸ ਦਸਤਾਵੇਜ਼ ਲਈ "ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰਿਆਂ" ਸ਼ਬਦ ਦੀ ਵਰਤੋਂ ਕਰਦੇ ਹਾਂ। ਇਹ ਇਸ ਲਈ ਹੈ ਕਿਉਂਕਿ HEAL ਐਕਟ ਵਿੱਚ "ਜ਼ਿਆਦਾ ਬੋਝ ਵਾਲੇ ਭਾਈਚਾਰੇ" ਦੀ ਪਰਿਭਾਸ਼ਾ ਵਿੱਚ Clean Energy Transformation Act (CETA, ਕਲੀਨ ਐਨਰਜੀ ਟਰਾਂਸਫਾਰਮੇਸ਼ਨ ਐਕਟ) ਦੇ "ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰੇ" ਸ਼ਾਮਲ ਹਨ ਅਤੇ ਇਸਦਾ ਦਾਇਰਾ ਵਧਾਇਆ ਗਿਆ ਹੈ। ਇਹ ਕਮੀਆਂ-ਆਧਾਰਿਤ ਸ਼ਬਦ ਹਨ ਕਿਉਂਕਿ ਅਸੀਂ ਕਮੀਆਂ ਨੂੰ ਦੂਰ ਕਰਨਾ ਚਾਹੁੰਦੇ ਹਾਂ। ਇਹ ਭਾਈਚਾਰਿਆਂ ਦੀ ਗਲਤੀ ਨਹੀਂ ਹੈ, ਸਗੋਂ ਇਹ ਢਾਂਚਾਗਤ ਅਸਮਾਨਤਾਵਾਂ ਹਨ। ਕਮੀਆਂ ਆਧਾਰਿਤ ਸ਼ਬਦਾਂ ਦੀ ਵਰਤੋਂ ਦਾ ਮਤਲਬ ਭਾਈਚਾਰਿਆਂ ਦੀਆਂ ਤਾਕਤਾਂ ਨੂੰ ਨਜ਼ਰਅੰਦਾਜ਼ ਕਰਨਾ ਨਹੀਂ ਹੈ। ਅਸੀਂ ਸਮਝਦੇ ਹਾਂ ਕਿ ਇਨ੍ਹਾਂ ਸ਼ਬਦਾਂ ਦੇ ਭਾਈਚਾਰਿਆਂ ਦੇ ਤਜ਼ਰਬਿਆਂ ਦੇ ਆਧਾਰ 'ਤੇ ਉਨ੍ਹਾਂ ਲਈ ਨਕਾਰਾਤਮਕ ਅਰਥ ਹੋ ਸਕਦੇ ਹਨ।

- EHD ਨਕਸ਼ਾ ਵਾਤਾਵਰਣ ਸੰਬੰਧੀ ਸੰਚਿਤ ਜੋਖਮਾਂ ਦਾ ਅੰਦਾਜ਼ਾ ਲਗਾਉਣ ਲਈ ਇੱਕ ਖਾਸ ਮਾਡਲ ਦੀ ਵਰਤੋਂ ਕਰਦਾ ਹੈ। ਪਰ ਇਹ ਇਨ੍ਹਾਂ ਪ੍ਰਭਾਵਾਂ ਨੂੰ ਮਾਪਣ ਦਾ ਸਿਰਫ਼ ਤਰੀਕਾ ਦਰਸਾਉਂਦਾ ਹੈ ਅਤੇ ਭਾਈਚਾਰੇ ਦੀ ਸਿਹਤ ਨੂੰ ਪ੍ਰਭਾਵਿਤ ਕਰਨ ਵਾਲੇ ਹਰ ਇੱਕ ਕਾਰਕ ਨੂੰ ਸ਼ਾਮਲ ਨਹੀਂ ਕਰ ਸਕਦਾ ਹੈ। ਬਹੁਤ ਸਾਰੇ ਮਾਪਦੰਡ ਪ੍ਰੌਕਸੀਜ਼, ਜਨਗਣਨਾ ਖੇਤਰ ਔਸਤ ਅਤੇ ਪੂਰੇ ਰਾਜ ਦੇ ਡੇਟਾ 'ਤੇ ਨਿਰਭਰ ਕਰਦੇ ਹਨ। ਇਸ ਦਾ ਮਤਲਬ ਹੈ ਕਿ ਨਤੀਜੇ ਵਿਅਕਤੀਗਤ ਤਜ਼ਰਬਿਆਂ ਜਾਂ ਸਥਾਨਕ ਹਾਲਾਤਾਂ ਨੂੰ ਪੂਰੀ ਤਰ੍ਹਾਂ ਨਹੀਂ ਦਰਸਾ ਸਕਦੇ ਹਨ। ਇਹ ਨਕਸ਼ਾ ਵਾਤਾਵਰਣ ਸੰਬੰਧੀ ਸਿਹਤ ਦੇ ਪੈਟਰਨਸ ਨੂੰ ਸਮਝਣ ਲਈ ਸ਼ੁਰੂਆਤੀ ਬਿੰਦੂ ਵਜੋਂ ਤਿਆਰ ਕੀਤਾ ਗਿਆ ਹੈ ਅਤੇ ਇਹ ਵਾਧੂ ਕਮਿਊਨਿਟੀ ਇਨਪੁਟ, ਟੂਲਸ ਅਤੇ ਡੇਟਾ ਦੇ ਨਾਲ ਵਿਕਸਤ ਹੁੰਦਾ ਰਹੇਗਾ।




Environmental Health Disparities (EHD) ਨਕਸ਼ਾ **ਨਕਸ਼ੇ ਅਤੇ ਟੂਲਸ ਦੀ ਵਰਤੋਂ ਕਰਨਾ**

# Environmental Health Disparities ਦਾ ਨਕਸ਼ਾ ਕਿਵੇਂ ਬਣਾਇਆ ਗਿਆ ਸੀ?

EHD ਨਕਸ਼ਾ ਭਾਈਚਾਰਕ ਸੰਗਠਨਾਂ, ਖੋਜਕਰਤਾਵਾਂ ਅਤੇ ਸਰਕਾਰੀ ਏਜੰਸੀਆਂ ਵੱਲੋਂ ਬਣਾਇਆ ਗਿਆ ਸੀ। ਭਾਈਚਾਰਿਆਂ ਨੇ 14 ਸੁਣਵਾਈ ਸੈਸ਼ਨਸ ਰਾਹੀਂ ਉਨ੍ਹਾਂ ਅਹਿਮ ਕਾਰਕਾਂ ਦੀ ਪਛਾਣ ਕੀਤੀ ਜਿਨ੍ਹਾਂ ਨੇ ਨਕਸ਼ੇ ਵਿੱਚ ਮਾਪਦੰਡਾਂ ਦੀ ਚੋਣ ਅਤੇ ਵਿਕਾਸ ਵਿੱਚ ਅਗਵਾਈ ਕੀਤੀ। Environmental Justice Council (ਵਾਤਾਵਰਣ ਸੰਬੰਧੀ ਨਿਆਂ ਕੌਂਸਲ) ਨਾਲ ਸਲਾਹ-ਮਸ਼ਵਰਾ ਕਰਕੇ, DOH ਨੂੰ EHD ਨਕਸ਼ਾ ਵਿਕਸਤ ਕਰਨ ਅਤੇ ਇਸਨੂੰ ਬਰਕਰਾਰ ਰੱਖਣ ਦੀ ਲੋੜ ਹੈ। ਇਸ ਤੋਂ ਇਲਾਵਾ, EHD ਨਕਸ਼ੇ ਦਾ ਹਰ 3 ਸਾਲਾਂ ਬਾਅਦ ਮੁਲਾਂਕਣ ਕੀਤਾ ਜਾਂਦਾ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਨਕਸ਼ੇ ਵਿੱਚ ਹੋਣ ਵਾਲੇ ਅੱਪਡੇਟਸ ਵਿੱਚ ਭਾਈਚਾਰਕ ਅਤੇ ਕਬਾਇਲੀ ਸ਼ਮੂਲੀਅਤ ਸ਼ਾਮਲ ਹੋਵੇ ਅਤੇ ਨਵਾਂ ਡੇਟਾ ਅਤੇ ਵਿਗਿਆਨ ਸ਼ਾਮਲ ਕੀਤਾ ਜਾ ਸਕੇ।

EHD ਨਕਸ਼ਾ ਹੇਠਾਂ ਦਿੱਤੇ ਗ੍ਰਾਫਿਕ ਵਿੱਚ ਦਿਖਾਏ ਅਨੁਸਾਰ ਭਾਈਚਾਰਿਆਂ ਦੀ ਤੁਲਨਾ ਕਰਨ ਲਈ ਸੰਚਿਤ ਪ੍ਰਭਾਵ ਮਾਡਲ ਦੀ ਵਰਤੋਂ ਕਰਦਾ ਹੈ।




ਪ੍ਰਦੂਸ਼ਣ, ਰਹਿਣ-ਸਹਿਣ ਦਾ ਖਰਚਾ ਅਤੇ ਹੋਰ ਸਮਾਜਿਕ ਸਥਿਤੀਆਂ ਆਪਣੇ ਆਪ ਪੈਦਾ ਨਹੀਂ ਹੁੰਦੀਆਂ ਹਨ। ਇਹ ਨਸਲਵਾਦ, ਬਸਤੀਵਾਦ ਅਤੇ ਹੋਰ ਬੇਇਨਸਾਫ਼ੀਆਂ ਦੇ ਲਗਾਤਾਰ ਪ੍ਰਭਾਵਾਂ ਨਾਲ ਮਿਲ ਕੇ ਭਾਈਚਾਰੇ ਦੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ।

ਇਸ ਕਿਸਮ ਦਾ ਮਾਡਲ ਇਹ ਪਛਾਣ ਕਰਦਾ ਹੈ ਕਿ ਸਿਹਤ ਅਸਮਾਨਤਾਵਾਂ ਕਿਸੇ ਇੱਕ ਕਾਰਨ ਕਰਕੇ ਨਹੀਂ ਹੁੰਦੀਆਂ ਹਨ। ਇਹ ਸਮਾਜਿਕ, ਵਾਤਾਵਰਣ ਸੰਬੰਧੀ ਅਤੇ ਜੈਵਿਕ ਕਾਰਕਾਂ ਦੇ ਨਸਲਵਾਦ ਅਤੇ ਬਸਤੀਵਾਦ ਸਮੇਤ ਜ਼ੁਲਮ ਦੀਆਂ ਪ੍ਰਣਾਲੀਆਂ ਦੇ ਆਪਸੀ ਮੇਲ-ਜੋਲ ਰਾਹੀਂ ਪੈਦਾ ਹੁੰਦੀਆਂ ਹਨ। **ਇਹ ਕਾਰਕ ਆਪਸ ਵਿੱਚ ਮਿਲ ਕੇ ਕੁਝ ਭਾਈਚਾਰਿਆਂ ਵਿੱਚ ਵਧੇਰੇ ਪ੍ਰਭਾਵ ਪੈਦਾ ਕਰ ਸਕਦੇ ਹਨ।** ਇਹ ਵਾਤਾਵਰਣ ਸੰਬੰਧੀ ਅਤੇ ਜਲਵਾਯੂ ਨਿਆਂ ਦੇ ਮੁੱਦਿਆਂ ਨੂੰ ਸਮਝਣ ਅਤੇ ਹੱਲ ਕਰਨ ਲਈ ਮਹੱਤਵਪੂਰਨ ਹਨ।

# Environmental Health Disparities ਦੇ ਨਕਸ਼ੇ ਬਾਰੇ ਜਾਣਨ ਯੋਗ ਮਹੱਤਵਪੂਰਨ ਗੱਲਾਂ

ਅਸੀਂ ਆਪਣੀ ਛੋਟੀ ਟਿਊਟੋਰਿਅਲ ਵੀਡੀਓ ਦੇਖਣ ਦੀ ਸਿਫ਼ਾਰਸ਼ ਕਰਦੇ ਹਾਂ ਜੋ ਨਕਸ਼ੇ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਦੀ ਹੈ।

ਤੁਸੀਂ EHD ਨਕਸ਼ੇ ਦੇ ਵੈੱਬਪੇਜ 'ਤੇ EHD ਨਕਸ਼ੇ ਤੱਕ ਪਹੁੰਚ ਕਰ ਸਕਦੇ ਹੋ। ਇੱਥੇ ਕੁਝ ਸ਼ਬਦ ਦਿੱਤੇ ਗਏ ਹਨ, ਜੋ ਅਸੀਂ EHD ਨਕਸ਼ੇ ਬਾਰੇ ਗੱਲ ਕਰਨ ਵੇਲੇ ਵਰਤਦੇ ਹਾਂ:

- **ਥੀਮ** ਮਿਲੇ-ਜੁਲੇ ਦਰਜਿਆਂ ਵਾਲੇ ਸੰਬੰਧਿਤ ਮਾਪਦੰਡਾਂ ਦਾ ਇੱਕ ਸਮੂਹ ਹੈ। EHD ਨਕਸ਼ੇ ਵਿੱਚ 4 ਥੀਮਸ ਸ਼ਾਮਲ ਹਨ: ਵਾਤਾਵਰਣ ਸੰਬੰਧੀ ਸੰਪਰਕ, ਵਾਤਾਵਰਣ ਸੰਬੰਧੀ ਪ੍ਰਭਾਵ, ਸੰਵੇਦਨਸ਼ੀਲ ਆਬਾਦੀ ਅਤੇ ਸਮਾਜਿਕ-ਆਰਥਿਕ ਕਾਰਕ।
- **ਮਾਪਦੰਡ** ਸਿਹਤ, ਵਾਤਾਵਰਣ ਸੰਬੰਧੀ ਸਥਿਤੀਆਂ ਜਾਂ ਸਮਾਜਿਕ-ਆਰਥਿਕ ਸਥਿਤੀ ਦੇ ਵਿਅਕਤੀਗਤ ਕਾਰਕ ਹਨ। EHD ਨਕਸ਼ੇ ਵਿੱਚ 25 ਮਾਪਦੰਡ ਸ਼ਾਮਲ ਹਨ।
- **ਓਵਰਲੇਅ** ਡੇਟਾ ਲੇਅਰਸ ਹਨ ਜਿਨ੍ਹਾਂ ਨੂੰ ਤੁਸੀਂ ਵਾਧੂ ਸੰਦਰਭ ਅਤੇ ਵਿਜ਼ੂਅਲ ਸਹਾਇਤਾ ਪ੍ਰਦਾਨ ਕਰਨ ਲਈ ਨਕਸ਼ੇ ਵਿੱਚ ਜੋੜ ਸਕਦੇ ਹੋ। ਓਵਰਲੇਅ ਕਿਸੇ ਭਾਈਚਾਰੇ ਦੇ ਵਾਤਾਵਰਣ ਸੰਬੰਧੀ ਸਿਹਤ ਜੋਖਮ ਦੇ ਸਕੋਰ ਵਿੱਚ ਯੋਗਦਾਨ ਨਹੀਂ ਪਾਉਂਦੇ ਹਨ।
- **ਰੈਂਕ** ਹੋਰ ਜਨਗਣਨਾ ਖੇਤਰਾਂ ਦੇ ਮੁਕਾਬਲੇ ਕਿਸੇ ਭਾਈਚਾਰੇ ਲਈ ਪ੍ਰਭਾਵ ਦਾ ਪੱਧਰ ਹੁੰਦਾ ਹੈ। ਰੈਂਕਸ ਨੂੰ 1 ਤੋਂ 10 ਤੱਕ ਨੰਬਰ ਦਿੱਤੇ ਗਏ ਹਨ। 10ਵੇਂ ਰੈਂਕ ਵਾਲੇ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। 1 ਰੈਂਕ ਵਾਲੇ ਖੇਤਰ ਸਭ ਤੋਂ ਘੱਟ ਪ੍ਰਭਾਵਿਤ ਭਾਈਚਾਰੇ ਹਨ।

ਨਕਸ਼ਾ ਕਿਸੇ ਭਾਈਚਾਰੇ ਦੇ ਸਮੁੱਚੇ ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾ ਦਾ ਰੈਂਕ ਪ੍ਰਦਰਸ਼ਿਤ ਕਰਦਾ ਹੈ। ਹਰ ਇੱਕ ਰੈਂਕ ਲਗਭਗ 10 ਪ੍ਰਤੀਸ਼ਤ ਭਾਈਚਾਰਿਆਂ ਦੀ ਪ੍ਰਤੀਨਿਧਤਾ ਕਰਦਾ ਹੈ। ਉਦਾਹਰਨ ਵਜੋਂ, ਜੇਕਰ ਕਿਸੇ ਭਾਈਚਾਰੇ ਦਾ ਰੈਂਕ 8 ਹੈ, ਤਾਂ ਵਾਸ਼ਿੰਗਟਨ ਦੇ 70 ਪ੍ਰਤੀਸ਼ਤ ਭਾਈਚਾਰਿਆਂ ਵਿੱਚ ਵਾਤਾਵਰਣ ਸੰਬੰਧੀ ਸਿਹਤ ਦਾ ਬੋਝ ਘੱਟ ਹੈ। 20 ਪ੍ਰਤੀਸ਼ਤ ਵਿੱਚ ਵਧੇਰੇ ਬੋਝ ਹੈ ਅਤੇ 10 ਪ੍ਰਤੀਸ਼ਤ ਵਿੱਚ ਇੱਕੋ ਜਿਹਾ ਬੋਝ ਹੈ। ਮੀਨੂ ਬਾਕਸ ਵਿੱਚ ਤੁਹਾਡੀ ਚੋਣ ਦੇ ਆਧਾਰ 'ਤੇ, ਤੁਸੀਂ ਵਿਸ਼ੇ, ਥੀਮ ਅਤੇ ਮਾਪ ਦੇ ਪੱਧਰ 'ਤੇ ਰੈਂਕ ਦੇਖ ਸਕਦੇ ਹੋ।



# Environmental Health Disparities ਦੇ ਨਕਸ਼ੇ ਦੀ ਵਰਤੋਂ ਕਰਨਾ

ਜਦੋਂ ਤੁਸੀਂ ਪਹਿਲੀ ਵਾਰ ਨਕਸ਼ਾ ਖੋਲ੍ਹਦੇ ਹੋ, ਤਾਂ ਤੁਸੀਂ ਸਭ ਤੋਂ ਪਹਿਲਾਂ EHD ਨਕਸ਼ੇ ਬਾਰੇ ਜਾਣਕਾਰੀ ਵਾਲਾ ਸਪਲੈਸ਼ ਜਾਂ ਜਾਣ-ਪਛਾਣ ਪੰਨਾ ਦੇਖੋਗੇ। ਟੂਲ ਵਿੱਚ, EHD ਨਕਸ਼ੇ 'ਤੇ ਨੈਵੀਗੇਟ ਕਰਨ ਬਾਰੇ ਹੋਰ ਜਾਣਨ ਲਈ ਤੁਸੀਂ ਪੀਲੇ ਰੰਗ ਦੇ ਨੰਬਰਾਂ ਉੱਤੇ ਮਾਊਸ ਘੁੰਮਾ ਸਕਦੇ ਹੋ।




ਤੁਸੀਂ ਸਪਲੈਸ਼ ਪੰਨੇ ਤੋਂ ਬਾਹਰ ਜਾਣ ਲਈ ਹੇਠਾਂ ਸੱਜੇ ਕੋਨੇ ਵਿੱਚ ਮੌਜੂਦ ਨੀਲੇ ਰੰਗ ਦੇ "Enter Map (ਨਕਸ਼ੇ ਵਿੱਚ ਦਾਖਲ ਹੋਵੋ)" ਬਟਨ ਉੱਤੇ ਕਲਿੱਕ ਕਰ ਸਕਦੇ ਹੋ।



ਖੱਬੇ ਪਾਸੇ, ਸਰੋਤਾਂ ਦਾ ਮੀਨੂ ਹੈ ਜੋ ਤੁਹਾਨੂੰ ਦਿਖਾਉਂਦਾ ਹੈ ਕਿ ਨਕਸ਼ੇ ਦੀ ਵਰਤੋਂ ਕਿਵੇਂ ਕਰਨੀ ਹੈ। ਇਸ ਸਾਈਡਬਾਰ ਨੂੰ ਛੋਟਾ ਕਰਨ ਲਈ ਤੁਸੀਂ ਟੈਕਸਟ ਦੇ ਸੱਜੇ ਪਾਸੇ ਮੌਜੂਦ ਨੀਲੇ ਤੀਰ ਉੱਤੇ ਕਲਿੱਕ ਕਰ ਸਕਦੇ ਹੋ।

ਨਕਸ਼ੇ ਵਿੱਚ ਵਰਤੇ ਗਏ ਮਾਪਦੰਡਾਂ ਦੀ ਸੂਚੀ ਨੂੰ ਵਧਾਉਣ ਲਈ ਇਸ ਕਾਲਮ ਵਿੱਚ ਦਿੱਤੀਆਂ ਗੂੜ੍ਹੇ ਨੀਲੇ ਰੰਗ ਦੀਆਂ ਬਾਰਸ ਉੱਤੇ ਕਲਿੱਕ ਕਰੋ। ਮਾਪਦੰਡਾਂ ਨੂੰ ਥੀਮ ਅਨੁਸਾਰ ਵਿਵਸਥਿਤ ਕੀਤਾ ਗਿਆ ਹੈ। ਤੁਸੀਂ ਦੇਖੋਗੇ ਕਿ ਕਬਾਇਲੀ ਜਨਗਣਨਾ ਖੇਤਰ ਅਤੇ ਸਮੁੱਚਾ EHD ਰੈਂਕ ਆਪਣੇ ਆਪ ਚੁਣੇ ਗਏ ਹਨ। ਵਾਤਾਵਰਣ ਸੰਬੰਧੀ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਕਬਾਇਲੀ ਜਨਗਣਨਾ ਖੇਤਰਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਇਹ Washington's HEAL ਐਕਟ
ਅਤੇ Climate Commitment Act (CCA, ਜਲਵਾਯੂ ਵਚਨਬੱਧਤਾ ਐਕਟ) ਵਿੱਚ "ਜ਼ਿਆਦਾ ਬੋਝ ਵਾਲੇ ਭਾਈਚਾਰਿਆਂ" ਦੀ ਪਰਿਭਾਸ਼ਾ ਰਾਹੀਂ ਦਰਸਾਇਆ ਗਿਆ ਹੈ। ਕਬੀਲੇ ਲੰਬੇ ਸਮੇਂ ਤੋਂ ਵਾਤਾਵਰਣ ਸੰਬੰਧੀ ਨਿਆਂ ਦੇ ਹਿਮਾਇਤੀ ਰਹੇ ਹਨ। ਉਹ ਅਕਸਰ ਵਾਤਾਵਰਣ ਸੰਬੰਧੀ ਬੇਇਨਸਾਫ਼ੀ ਤੋਂ ਉਹਨਾਂ ਤਰੀਕਿਆਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ, ਜੋ EHD ਨਕਸ਼ੇ 'ਤੇ ਦਰਸਾਏ ਗਏ ਹਨ ਅਤੇ ਜੋ ਨਹੀਂ ਵੀ ਦਰਸਾਏ ਗਏ ਹਨ। ਇਤਿਹਾਸਕ ਬੇਇਨਸਾਫ਼ੀਆਂ ਦੇ ਆਧਾਰ 'ਤੇ, ਕਬਾਇਲੀ ਜਨਗਣਨਾ ਖੇਤਰਾਂ ਦੀ ਲੇਅਰ ਕਬੀਲੇ ਵੱਲੋਂ ਆਪਣੀ ਜ਼ਮੀਨ ਦੀ ਦਿੱਤੀ ਗਈ ਪਰਿਭਾਸ਼ਾ ਨੂੰ ਪੂਰੀ ਤਰ੍ਹਾਂ ਨਹੀਂ ਦਰਸਾਉਂਦੀ ਹੈ। ਨਕਸ਼ੇ ਦੇ ਉਪਭੋਗਤਾਵਾਂ ਨੂੰ ਕਬਾਇਲੀ ਭਾਈਚਾਰਿਆਂ 'ਤੇ ਪੈਂਦੇ ਵਾਤਾਵਰਣ ਸਿਹਤ ਪ੍ਰਭਾਵਾਂ ਨੂੰ ਪੂਰੀ ਤਰ੍ਹਾਂ ਸਮਝਣ ਲਈ ਕਬਾਇਲੀ ਸ਼ਮੂਲੀਅਤ ਨੂੰ ਪਹਿਲ ਦੇਣੀ ਚਾਹੀਦੀ ਹੈ।







ਨਕਸ਼ੇ ਦੇ ਓਵਰਲੇਅ ਆਖਰੀ ਨੀਲੀ ਬਾਰ ਵਿੱਚ ਉਪਲਬਧ ਹਨ। ਓਵਰਲੇਅ ਡੇਟਾ ਦੀਆਂ ਉਹ ਲੇਅਰਾਂ ਹਨ ਜੋ ਨਕਸ਼ੇ ਨੂੰ ਵਾਧੂ ਸੰਦਰਭ ਪ੍ਰਦਾਨ ਕਰਦੀਆਂ ਹਨ। ਇਹ ਕਿਸੇ ਵੀ EHD ਰੈਂਕਿੰਗ ਨੂੰ ਪ੍ਰਭਾਵਿਤ ਨਹੀਂ ਕਰਦੇ ਹਨ। ਇਹ ਸਿਰਫ਼ ਵਿਜ਼ੂਅਲ ਸਹਾਇਤਾ ਪ੍ਰਦਾਨ ਕਰਦੇ ਹਨ। ਇੱਕ ਵੱਖਰਾ ਦਸਤਾਵੇਜ਼ ਦੱਸਦਾ ਹੈ ਕਿ ਓਵਰਲੇਅ ਦੀ ਵਰਤੋਂ ਕਿਵੇਂ ਕਰਨੀ ਹੈ।

ਟੂਲ ਦੇ ਉੱਪਰ ਸੱਜੇ ਪਾਸੇ ਵਾਲੇ ਬਟਨ ਤੁਹਾਨੂੰ ਇਹ ਕਰਨ ਦੀ ਇਜਾਜ਼ਤ ਦਿੰਦੇ ਹਨ:

- ਜੇਕਰ ਤੁਸੀਂ ਇਸਨੂੰ ਬੰਦ ਕਰ ਦਿੰਦੇ ਹੋ ਤਾਂ ਲੇਜੰਡ ਨੂੰ ਵਾਪਸ ਲਿਆਓ
- ਬਾਹਰੀ ਸਰੋਤਾਂ ਤੋਂ ਡੇਟਾ ਨੂੰ ਓਵਰਲੇਅ ਵਜੋਂ ਸ਼ਾਮਲ ਕਰੋ
- ਨਕਸ਼ੇ 'ਤੇ ਕਿਸੇ ਪਤੇ ਜਾਂ ਜਗ੍ਹਾ ਨੂੰ ਖੋਜੋ
- ਅੰਡਰਲਾਈਂਗ ਨਕਸ਼ੇ ਦੀ ਸ਼ੈਲੀ ਬਦਲੋ
- ਨਕਸ਼ੇ ਨੂੰ ਦੂਜਿਆਂ ਨਾਲ ਸਾਂਝਾ ਕਰੋ।

“Legend (ਲੇਜੰਡ)” ਬਟਨ ਤੁਹਾਡੇ ਵੱਲੋਂ ਚੁਣੀ ਗਈ ਲੇਅਰ ਲਈ ਲੇਜੰਡ ਨੂੰ ਪ੍ਰਦਰਸ਼ਿਤ ਕਰਦਾ ਹੈ।

“Find (ਲੱਭੋ)” ਬਟਨ ਰਾਹੀਂ ਤੁਸੀਂ ਪਤਾ, ਸ਼ਹਿਰ, ਜ਼ਿਪ ਕੋਡ, ਕਾਉਂਟੀ ਜਾਂ ਜਨਗਣਨਾ ਖੇਤਰ ਟਾਈਪ ਕਰ ਸਕਦੇ ਹੋ। ਨਕਸ਼ਾ ਤੁਹਾਡੇ ਵੱਲੋਂ ਦਰਜ ਕੀਤੇ ਗਏ ਸਥਾਨ 'ਤੇ ਆਪਣੇ ਆਪ ਜ਼ੂਮ ਹੋ ਜਾਵੇਗਾ।







“Add Data (ਡੇਟਾ ਜੋੜੋ)” ਬਟਨ ਤੁਹਾਨੂੰ ਬਾਹਰੀ ਸਰੋਤਾਂ ਤੋਂ ਡੇਟਾ ਲਿਆਉਣ ਦੀ ਸਹੂਲਤ ਦਿੰਦਾ ਹੈ। "EHD ਨਕਸ਼ੇ ਵਿੱਚ ਹੋਰ ਡੇਟਾ ਜੋੜਨ ਲਈ ਗਾਈਡ" ਦੱਸਦੀ ਹੈ ਕਿ ਡੇਟਾ ਕਿਵੇਂ ਜੋੜਨਾ ਹੈ।

“Basemaps (ਬੇਸਮੈਪਸ)” ਬਟਨ ਤੁਹਾਨੂੰ ਬੈਕਗ੍ਰਾਊਂਡ ਬਦਲਣ ਅਤੇ ਸੜਕਾਂ ਦੀਆਂ ਲੇਅਰਸ ਜਾਂ ਹੋਰ ਇਮੇਜਰੀ ਜੋੜਨ ਦੀ ਸਹੂਲਤ ਦਿੰਦਾ ਹੈ।







“Share (ਸ਼ੇਅਰ)” ਬਟਨ EHD ਨਕਸ਼ੇ ਦੀ ਵੈੱਬ ਐਪਲੀਕੇਸ਼ਨ ਨੂੰ ਸਾਂਝਾ ਕਰਨ ਦਾ ਇੱਕ ਆਸਾਨ ਤਰੀਕਾ ਪ੍ਰਦਾਨ ਕਰਦਾ ਹੈ।

# ਅੰਡਰਲਾਈਂਗ ਡੇਟਾ ਤੱਕ ਪਹੁੰਚ ਕਰਨਾ

ਰੈਂਕ ਬਣਾਉਣ ਲਈ ਵਰਤੇ ਗਏ ਡੇਟਾ ਨੂੰ ਦੇਖਣ ਲਈ, ਕਿਸੇ ਜਨਗਣਨਾ ਖੇਤਰ ਨੂੰ ਚੁਣੋ। ਹੇਠਾਂ ਦਿੱਤੇ ਸਕ੍ਰੀਨਸ਼ਾਟ ਵਿੱਚ, ਚੁਣਿਆ ਗਿਆ ਜਨਗਣਨਾ ਖੇਤਰ ਨੀਲੇ ਰੰਗ ਵਿੱਚ ਹਾਈਲਾਈਟ ਕੀਤਾ ਗਿਆ ਹੈ। ਪੌਪ-ਅੱਪ ਸਕ੍ਰੀਨ ਦਿਖਾਈ ਦੇਵੇਗੀ। ਤੁਸੀਂ ਰੈਂਕ ਡੇਟਾ ਅਤੇ ਜਨਸੰਖਿਆ ਡੇਟਾ ਨੂੰ ਦੇਖਣ ਲਈ ਸਕ੍ਰੋਲ ਆਈਕਨ ਦੀ ਵਰਤੋਂ ਕਰ ਸਕਦੇ ਹੋ। ਇਸ ਤੋਂ ਇਲਾਵਾ, ਤੁਸੀਂ ਮਾਪ ਦੇ ਨਾਮ ਦੇ ਸੱਜੇ ਪਾਸੇ ਦਿੱਤੇ 3 ਬਿੰਦੂਆਂ ਨੂੰ ਚੁਣ ਕੇ, ਇਸ ਡੇਟਾ ਨੂੰ ਐਕਸਪੋਰਟ ਕਰ ਸਕਦੇ ਹੋ ਜਿਸ ਤੋਂ ਬਾਅਦ ਤੁਹਾਨੂੰ ਕਈ ਤਰ੍ਹਾਂ ਦੇ ਉਪਲਬਧ ਵਿਕਲਪ ਦਿਖਾਈ ਦੇਣਗੇ (ਜਿਵੇਂ ਕਿ ਹੇਠਾਂ ਦਿਖਾਇਆ ਗਿਆ ਹੈ)।




ਸਾਡਾ ਡੇਟਾ Washington Geospatial Open Data Portal (ਵਾਸ਼ਿੰਗਟਨ ਜੀਓਸਪੈਸ਼ਲ ਓਪਨ ਡੇਟਾ ਪੋਰਟਲ) 'ਤੇ ਵੀ ਉਪਲਬਧ ਹੈ। DOH ਹਰ 3 ਸਾਲਾਂ ਬਾਅਦ ਅੱਪਡੇਟ ਜਾਰੀ ਕਰਨ ਦੀ ਉਮੀਦ ਕਰਦਾ ਹੈ।

# ਜ਼ਿਆਦਾ ਬੋਝ ਵਾਲੇ ਭਾਈਚਾਰੇ ਅਤੇ ਕਮਜ਼ੋਰ ਆਬਾਦੀਆਂ

ਜ਼ਿਆਦਾ ਬੋਝ ਵਾਲੇ ਭਾਈਚਾਰੇ" ਸ਼ਬਦ ਉਹਨਾਂ ਭਾਈਚਾਰਿਆਂ ਦਾ ਵਰਣਨ ਕਰਦਾ ਹੈ ਜਿੱਥੇ ਕਮਜ਼ੋਰ ਆਬਾਦੀਆਂ ਨੂੰ ਕਈ ਤਰ੍ਹਾਂ ਦੇ ਵਾਤਾਵਰਣ ਸੰਬੰਧੀ ਨੁਕਸਾਨਾਂ ਅਤੇ ਸਿਹਤ ਪ੍ਰਭਾਵਾਂ ਦਾ ਇੱਕੋ ਸਮੇਂ ਸਾਹਮਣਾ ਕਰਨਾ ਪੈਂਦਾ ਹੈ। "ਕਮਜ਼ੋਰ ਆਬਾਦੀਆਂ" ਉਹ ਹਨ ਜੋ ਵਾਤਾਵਰਣ ਸੰਬੰਧੀ ਨੁਕਸਾਨਾਂ ਦੇ ਜਵਾਬ ਵਿੱਚ ਮਾੜੇ ਸਿਹਤ ਨਤੀਜਿਆਂ ਦੇ ਵੱਧ ਜੋਖਮ ਵਿੱਚ ਹੋਣ ਦੀ ਜ਼ਿਆਦਾ ਸੰਭਾਵਨਾ ਰੱਖਦੀਆਂ ਹਨ। ਇਹ ਸ਼ਬਦ Healthy Environment for All (HEAL) ਅਤੇ Climate Commitment Acts (CCA, ਜਲਵਾਯੂ ਵਚਨਬੱਧਤਾ ਐਕਟਸ) ਦੇ ਅਧੀਨ ਵਰਤੇ ਜਾਂਦੇ ਹਨ।

ਵੱਖ-ਵੱਖ ਕਾਨੂੰਨ ਇਨ੍ਹਾਂ ਭਾਈਚਾਰਿਆਂ ਨੂੰ ਵੱਖ-ਵੱਖ ਤਰੀਕੇ ਨਾਲ ਪਰਿਭਾਸ਼ਿਤ ਕਰਦੇ ਹਨ ਅਤੇ ਤੁਹਾਨੂੰ ਉਸ ਕਾਨੂੰਨ ਨਾਲ ਸੰਬੰਧਿਤ ਪਰਿਭਾਸ਼ਾ ਦੀ ਵਰਤੋਂ ਕਰਨ ਦੀ ਲੋੜ ਹੋਵੇਗੀ ਜਿਸ ਦੇ ਅਧੀਨ ਤੁਸੀਂ ਕੰਮ ਕਰ ਰਹੇ ਹੋ।

HEAL ਐਕਟ ਦੀ "ਜ਼ਿਆਦਾ ਬੋਝ ਵਾਲੇ ਭਾਈਚਾਰੇ" ਦੀ ਪਰਿਭਾਸ਼ਾ ਵਿੱਚ Clean Energy Transformation Act (CETA) ਦੀ "ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰਿਆਂ" ਦੀ ਪਰਿਭਾਸ਼ਾ ਵੀ ਸ਼ਾਮਲ ਹੈ, ਪਰ ਇਹ ਇਸ ਤੱਕ ਹੀ ਸੀਮਤ ਨਹੀਂ ਹੈ।

ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰੇ ਹਨ:

1. Department of Health ਵੱਲੋਂ ਸੰਚਿਤ ਪ੍ਰਭਾਵ ਵਿਸ਼ਲੇਸ਼ਣ ਦੀ ਵਰਤੋਂ ਕਰਕੇ ਨਿਰਧਾਰਤ ਕੀਤੇ ਗਏ। ਅਸੀਂ EHD ਨਕਸ਼ੇ 'ਤੇ 9 ਜਾਂ 10 ਦੇ ਸਮੁੱਚੇ EHD ਰੈਂਕ ਵਾਲੇ ਜਨਗਣਨਾ ਖੇਤਰਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਵਜੋਂ ਨਾਮਜ਼ਦ ਕਰਦੇ ਹਾਂ।
2. ਉਹ ਜਨਗਣਨਾ ਖੇਤਰ ਜੋ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ "ਇੰਡੀਅਨ ਕੰਟਰੀ" ਵਜੋਂ ਜਾਣੇ ਜਾਂਦੇ ਹਨ। ਇੰਡੀਅਨ ਕੰਟਰੀ ਨੂੰ 18 United States Code Section 1151 (18 U.S.C Sec. 1151, 18 ਸੰਯੁਕਤ ਰਾਜ ਅਮਰੀਕਾ ਕੋਡ, ਸੈਕਸ਼ਨ 1151) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰਿਆਂ ਦੀ ਡੇਟਾ ਸਾਰਣੀ (ਐਕਸਲ) ਵਿੱਚ ਵਾਸ਼ਿੰਗਟਨ ਦੇ ਜਨਗਣਨਾ ਖੇਤਰਾਂ ਦੀ ਸੂਚੀ ਦਿੱਤੀ ਗਈ ਹੈ ਕਿ ਉਨ੍ਹਾਂ ਵਿੱਚ ਰਾਖਵੀਆਂ ਜ਼ਮੀਨਾਂ, ਵਿਵਾਦਿਤ ਜ਼ਮੀਨਾਂ ਅਤੇ ਰਿਜ਼ਰਵੇਸ਼ਨ ਤੋਂ ਬਾਹਰ ਦੀਆਂ ਕਬਾਇਲੀ ਜ਼ਮੀਨਾਂ ਸ਼ਾਮਲ ਹਨ। ਤੁਸੀਂ "ਕਬਾਇਲੀ ਜਨਗਣਨਾ ਖੇਤਰ" ਓਵਰਲੇਅ ਦੀ ਵਰਤੋਂ ਕਰਕੇ EHD ਨਕਸ਼ੇ 'ਤੇ ਵੀ ਇਸ ਜਾਣਕਾਰੀ ਨੂੰ ਦੇਖ ਸਕਦੇ ਹੋ।




ਅਸੀਂ ਇਸ ਗੱਲ ਨੂੰ ਸਵੀਕਾਰ ਕਰਦੇ ਹਾਂ ਕਿ ਕਾਨੂੰਨੀ ਪਰਿਭਾਸ਼ਾ ਤੋਂ ਬਾਹਰ, ਵਾਸ਼ਿੰਗਟਨ ਰਾਜ ਦੀ ਸਾਰੀ ਜ਼ਮੀਨ ਇਤਿਹਾਸਕ ਤੌਰ 'ਤੇ ਇੰਡੀਅਨ ਕੰਟਰੀ ਹੈ। ਅਮਰੀਕਾ ਵਿੱਚ ਇੰਡੀਅਨ ਕੰਟਰੀ ਦੀ ਸੀਮਤ ਪਰਿਭਾਸ਼ਾ ਕਿਵੇਂ ਹੋਂਦ ਵਿੱਚ ਆਈ, ਇਸ ਦਾ ਇਤਿਹਾਸ "ਦ ਇਨਵੇਜ਼ਨ ਆਫ਼ ਅਮਰੀਕਾ" ਵੀਡੀਓ ਵਿੱਚ ਦਰਸਾਇਆ ਗਿਆ ਹੈ।

ਕਬਾਇਲੀ ਜ਼ਮੀਨਾਂ ਦੀ ਲੇਅਰ ਬਣਾਉਣ ਲਈ ਵਰਤੀ ਜਾਣ ਵਾਲੀ ਜਾਣਕਾਰੀ Department of Ecology (ECY, ਵਾਤਾਵਰਣ ਵਿਭਾਗ) ਵੱਲੋਂ ਲਈ ਗਈ ਹੈ। ECY ਇਸ ਜਾਣਕਾਰੀ ਨੂੰ ਸੰਭਾਲਦਾ ਹੈ ਅਤੇ ਸਾਂਝਾ ਕਰਦਾ ਹੈ। ਇਹ ਵੱਖ-ਵੱਖ ਕਾਨੂੰਨੀ ਸਥਿਤੀਆਂ ਵਾਲੀਆਂ ਕਬਾਇਲੀ ਜ਼ਮੀਨਾਂ ਨੂੰ ਦਰਸਾਉਂਦਾ ਹੈ। ਅਸੀਂ ਸਮਝਦੇ ਹਾਂ ਕਿ ਜ਼ਮੀਨਾਂ ਨਾਲ ਆਪਣੇ ਸਬੰਧਾਂ ਨੂੰ ਦੇਖਣ ਦਾ ਕਬੀਲਿਆਂ ਦਾ ਇਹ ਤਰੀਕਾ ਸ਼ਾਇਦ ਨਾ ਹੋਵੇ। ਇਹ ਲੇਅਰ ਕੁਝ ਚੱਲ ਰਹੇ ਵਿਕਾਸ ਕਾਰਜਾਂ ਨੂੰ ਵੀ ਸ਼ਾਇਦ ਨਾ ਦਰਸਾਵੇ। ਕਬਾਇਲੀ ਜ਼ਮੀਨਾਂ ਨੂੰ ਬਿਹਤਰ ਢੰਗ ਨਾਲ ਦਰਸਾਉਣ ਲਈ, ਅਸੀਂ ਕਬੀਲਿਆਂ ਨਾਲ ਹੋਰ ਸ਼ਮੂਲੀਅਤ ਕਰਨ ਦੀ ਸਿਫ਼ਾਰਸ਼ ਕਰਦੇ ਹਾਂ। ਤੁਸੀਂ ਉਨ੍ਹਾਂ ਦੇ ਡੇਟਾ ਸੈੱਟ ਜਾਣਕਾਰੀ ਦੇ ਪੰਨੇ 'ਤੇ ECY ਵੱਲੋਂ ਜਾਣਕਾਰੀ ਦੀ ਤਿਆਰੀ ਬਾਰੇ ਹੋਰ ਜਾਣ ਸਕਦੇ ਹੋ।

HEAL ਐਕਟ ਅਤੇ CCA ਜ਼ਿਆਦਾ ਬੋਝ ਵਾਲੇ ਭਾਈਚਾਰਿਆਂ ਅਤੇ ਕਮਜ਼ੋਰ ਆਬਾਦੀ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ ਕਿ ਇਸ ਵਿੱਚ CETA ਦੀ ਪਰਿਭਾਸ਼ਾ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। HEAL ਏਜੰਸੀਆਂ ਨੂੰ Environmental Justice Council ਦੀ ਅਗਵਾਈ ਅਤੇ HEAL Interagency Workgroup (IAWG, ਇੰਟਰਏਜੰਸੀ ਵਰਕਗਰੁੱਪ) ਅਤੇ Tribal Interagency Workgroup (ਕਬਾਇਲੀ ਇੰਟਰਏਜੰਸੀ ਵਰਕਗਰੁੱਪ) ਵੱਲੋਂ ਵਿਕਸਤ ਕੀਤੀ ਗਈ ਵਿਸਤ੍ਰਿਤ ਪ੍ਰਕਿਰਿਆ ਦੀ ਵਰਤੋਂ ਕਰਕੇ ਹਰ ਪ੍ਰੋਜੈਕਟ ਲਈ ਇਨ੍ਹਾਂ ਭਾਈਚਾਰਿਆਂ ਦੀ ਪਛਾਣ ਕਰਨ ਦੀ ਲੋੜ ਹੋਵੇਗੀ।

ਤੁਸੀਂ ਆਪਣੇ ਪ੍ਰੋਜੈਕਟ ਲਈ ਵਾਧੂ ਡੇਟਾ, ਟੂਲ ਅਤੇ ਭਾਈਚਾਰੇ ਦੀ ਜਾਣਕਾਰੀ ਦੀ ਵਰਤੋਂ ਕਰਨ ਬਾਰੇ ਵੀ ਵਿਚਾਰ ਕਰ ਸਕਦੇ ਹੋ। ਉਦਾਹਰਨ ਵਜੋਂ, ਪੇਂਡੂ ਖੇਤਰਾਂ ਵਿੱਚ ਜਿੱਥੇ ਜਨਗਣਨਾ ਖੇਤਰ ਵੱਡੇ ਹਨ, ਤੁਸੀਂ ਵਧੇਰੇ ਵੇਰਵੇ ਪ੍ਰਾਪਤ ਕਰਨ ਲਈ ਸੰਬੰਧਿਤ ਜਨਗਣਨਾ ਬਲਾਕ-ਪੱਧਰ ਦੇ ਡੇਟਾ ਦੀ ਵਰਤੋਂ ਕਰਨਾ ਚਾਹ ਸਕਦੇ ਹੋ। ਜਨਗਣਨਾ ਬਲਾਕ ਜਨਗਣਨਾ ਖੇਤਰ ਦੇ ਛੋਟੇ ਹਿੱਸੇ ਹੁੰਦੇ ਹਨ। ਇਹ ਉਮਰ, ਲਿੰਗ ਅਤੇ ਨਸਲ ਦੇ ਆਧਾਰ 'ਤੇ ਕੁੱਲ ਆਬਾਦੀ ਵਰਗੇ ਬੁਨਿਆਦੀ ਜਨਸੰਖਿਆ ਡੇਟਾ ਲਈ ਭੂਗੋਲ ਦਾ ਸਭ ਤੋਂ ਛੋਟਾ ਪੱਧਰ ਹਨ।

ਆਪਣੇ ਪ੍ਰੋਜੈਕਟ ਅਤੇ ਤੁਹਾਡੇ ਵੱਲੋਂ ਵਰਤੇ ਜਾਂਦੇ ਡੇਟਾ ਲਈ ਢੁਕਵੇਂ ਟੂਲ ਅਤੇ ਤਰੀਕਿਆਂ ਦੀ ਪਛਾਣ ਕਰਨ ਲਈ ਆਪਣੇ ਪ੍ਰੋਗਰਾਮ ਖੇਤਰ ਦੀ ਮੁਹਾਰਤ ਦੀ ਵਰਤੋਂ ਕਰੋ। ਜਿੱਥੇ ਵੀ ਸੰਭਵ ਹੋਵੇ, ਉਨ੍ਹਾਂ ਭਾਈਚਾਰਿਆਂ ਨਾਲ ਸਲਾਹ ਕਰੋ ਜਿਨ੍ਹਾਂ ਨਾਲ ਤੁਸੀਂ ਕੰਮ ਕਰਦੇ ਹੋ। ਭਾਈਚਾਰੇ ਅਤੇ ਕਬੀਲੇ ਅਕਸਰ ਅਜਿਹੀਆਂ ਤਰਜੀਹਾਂ, ਯੋਜਨਾਵਾਂ ਅਤੇ ਜਨਤਕ ਮੀਡੀਆ ਤਿਆਰ ਕਰਦੇ ਹਨ ਜੋ ਉਨ੍ਹਾਂ ਦੀਆਂ ਚਿੰਤਾਵਾਂ ਦਾ ਵਰਣਨ ਕਰਦੇ ਹਨ।

# ਹੋਰ ਸਾਧਨਾਂ ਨਾਲ ਜੋੜਨ ਲਈ ਇੱਕ ਸ਼ੁਰੂਆਤੀ ਬਿੰਦੂ

EHD ਨਕਸ਼ਾ ਇਹ ਦਰਸਾਉਂਦਾ ਹੈ ਕਿ ਨਕਸ਼ੇ ਦੇ ਮਾਪਦੰਡਾਂ ਦੇ ਸਮੁੱਚੇ ਪ੍ਰਭਾਵ ਦੇ ਆਧਾਰ 'ਤੇ ਕਿਹੜੇ ਜਨਗਣਨਾ ਖੇਤਰ ਵਾਤਾਵਰਣਕ ਸਿਹਤ ਦੇ ਵਧੇਰੇ ਬੋਝ ਦਾ ਅਨੁਭਵ ਕਰ ਰਹੇ ਹਨ। ਇਹ ਸਭ ਕੁਝ ਨਹੀਂ ਹੈ ਜੋ ਕਿਸੇ ਭਾਈਚਾਰੇ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ।

- EHD ਨਕਸ਼ਾ ਆਪਣੇ ਆਪ ਵਿੱਚ ਜ਼ਿਆਦਾ ਬੋਝ ਵਾਲੇ ਭਾਈਚਾਰਿਆਂ ਦੀ ਪਛਾਣ ਕਰਨ ਲਈ ਕਾਫ਼ੀ ਕਿਉਂ ਨਹੀਂ ਹੈ?
- **EHD ਨਕਸ਼ਾ ਕਬਾਇਲੀ ਸਲਾਹ-ਮਸ਼ਵਰੇ ਜਾਂ ਭਾਈਚਾਰਕ ਸ਼ਮੂਲੀਅਤ ਦਾ ਬਦਲਵਾਂ ਰੂਪ ਨਹੀਂ ਹੈ।**
- ਤੁਸੀਂ 9, 10 ਅਤੇ ਕਬਾਇਲੀ ਜ਼ਮੀਨ ਦੀ ਸ਼ੁਰੂਆਤੀ ਚੋਣ ਪ੍ਰਕਿਰਿਆ ਤੋਂ ਬਾਅਦ ਭਾਈਚਾਰਿਆਂ ਨੂੰ ਸ਼ਾਮਲ ਕਰ ਸਕਦੇ ਹੋ। ਪਰ ਭਾਈਚਾਰੇ ਦੀ ਸ਼ਮੂਲੀਅਤ ਉਸ ਪ੍ਰਕਿਰਿਆ ਦਾ ਹਿੱਸਾ ਹੋਣੀ ਚਾਹੀਦੀ ਹੈ। ਤੁਹਾਨੂੰ ਭਾਈਚਾਰਕ ਸ਼ਮੂਲੀਅਤ ਸ਼ੁਰੂ ਕਰਨ ਤੋਂ ਪਹਿਲਾਂ ਬਹੁਤ ਜ਼ਿਆਦਾ ਮਾਤਰਾਤਮਕ ਡੇਟਾ 'ਤੇ ਕੰਮ ਕਰਨ ਤੋਂ ਬਚਣਾ ਚਾਹੀਦਾ ਹੈ। ਜਦੋਂ ਸ਼ਮੂਲੀਅਤ ਜਲਦੀ ਸ਼ੁਰੂ ਕੀਤੀ ਜਾਂਦੀ ਹੈ, ਤਾਂ ਇਹ ਵਧੇਰੇ ਅਰਥਪੂਰਨ ਅਤੇ ਲਾਹੇਵੰਦ ਹੁੰਦੀ ਹੈ। EHD ਨਕਸ਼ਾ ਭਾਈਚਾਰੇ ਦੀਆਂ ਆਵਾਜ਼ਾਂ ਕਰਕੇ ਬਣਾਇਆ ਗਿਆ ਸੀ ਅਤੇ ਇਸਦੀ ਵਰਤੋਂ ਉਨ੍ਹਾਂ ਦੀ ਆਵਾਜ਼ ਨੂੰ ਹੋਰ ਬੁਲੰਦ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ।

## EHD ਨਕਸ਼ੇ ਦੇ ਨਾਲ ਵਾਧੂ ਡੇਟਾ ਦੀ ਵਰਤੋਂ ਕਰਨਾ

Washington State Department of Transportation (WSDOT, ਵਾਸ਼ਿੰਗਟਨ ਰਾਜ ਦਾ ਆਵਾਜਾਈ ਵਿਭਾਗ) ਨੇ EHD ਨਕਸ਼ੇ ਦੇ ਡਾਟੇ ਦੀ ਵਰਤੋਂ ਕੀਤੀ। ਇਹ Sandy Williams Connecting Communities Program (ਸੈਂਡੀ ਵਿਲੀਅਮਜ਼ ਕਨੈਕਟਿੰਗ ਕਮਿਊਨਿਟੀਜ਼ ਪ੍ਰੋਗਰਾਮ) ਤਹਿਤ ਵਾਤਾਵਰਣਕ ਨਿਆਂ ਦੀਆਂ ਵੱਧ ਲੋੜਾਂ ਵਾਲੇ ਭਾਈਚਾਰਿਆਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਕੀਤੇ ਗਏ ਵਿਸ਼ਲੇਸ਼ਣ ਦਾ ਹਿੱਸਾ ਸੀ।

WSDOT ਨੇ EHD ਨਕਸ਼ੇ ਦੇ ਮਾਪਦੰਡਾਂ ਨੂੰ ਅਮਰੀਕੀ ਕਮਿਊਨਿਟੀ ਸਰਵੇਖਣ ਦੇ ਜਨਸੰਖਿਆ ਅਤੇ ਸਮਾਜਿਕ-ਆਰਥਿਕ ਡੇਟਾ ਨਾਲ ਜੋੜਿਆ ਹੈ। ਉਨ੍ਹਾਂ ਨੇ ਇਹ ਬਿਹਤਰ ਢੰਗ ਨਾਲ ਸਮਝਣ ਲਈ ਕੀਤਾ ਕਿ ਸੜਕਾਂ ਦੇ ਡਿਜ਼ਾਈਨ ਅਤੇ ਵਾਤਾਵਰਣ ਸੰਬੰਧੀ ਬੋਝ ਦੇ ਪ੍ਰਭਾਵ ਹੇਠ ਕਮਜ਼ੋਰ ਹੋਏ ਲੋਕ ਕਿੱਥੇ ਆਪਸ ਵਿੱਚ ਮਿਲਦੇ ਹਨ। WSDOT ਨੇ ਉਨ੍ਹਾਂ ਭਾਈਚਾਰਿਆਂ ਨੂੰ ਉਜਾਗਰ ਕਰਨ ਵਿੱਚ ਮਦਦ ਕਰਨ ਲਈ EHD ਨਕਸ਼ੇ ਦੇ ਮਾਪਦੰਡਾਂ ਨੂੰ ਸਕੋਰਿੰਗ ਮਾਪਦੰਡ ਵਿੱਚ ਸ਼ਾਮਲ ਕੀਤਾ, ਜੋ ਵਧੇਰੇ ਸੰਚਿਤ ਵਾਤਾਵਰਣ ਸੰਬੰਧੀ ਸਿਹਤ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਨ। EHD ਨਕਸ਼ੇ ਦੇ ਮਾਪਦੰਡਾਂ ਵਾਲੇ ਜਨਗਣਨਾ ਖੇਤਰਾਂ ਨੂੰ ਇਹ ਅੰਕ ਦਿੱਤੇ ਗਏ: 8 ਜਾਂ ਇਸ ਤੋਂ ਵੱਧ ਰੈਂਕ ਲਈ 2 ਅੰਕ ਅਤੇ 6 ਜਾਂ 7 ਰੈਂਕ ਲਈ 1 ਅੰਕ। ਜਨਸੰਖਿਆ ਸੰਬੰਧੀ ਮਾਪਦੰਡਾਂ ਨੂੰ ਵੀ ਇਸੇ ਤਰ੍ਹਾਂ ਜਨਗਣਨਾ ਬਲਾਕ ਗਰੁੱਪ ਪੱਧਰ 'ਤੇ ਸਕੋਰ ਕੀਤਾ ਗਿਆ।

ਅੰਤਿਮ ਸਕੋਰ ਬਲਾਕ ਗਰੁੱਪ ਪੱਧਰ 'ਤੇ ਦੱਸੇ ਗਏ ਹਨ। ਜਨਗਣਨਾ ਖੇਤਰ 'ਤੇ ਦਰਜ ਕੀਤੇ ਗਏ ਵੇਰੀਏਬਲਸ ਲਈ, ਬਲਾਕ ਗਰੁੱਪਸ ਨੂੰ ਉਸ ਸ਼੍ਰੇਣੀ ਵਿੱਚ ਉੱਨੇ ਹੀ ਅੰਕ ਮਿਲਦੇ ਹਨ ਜਿੰਨੇ ਉਸ ਜਨਗਣਨਾ ਖੇਤਰ ਨੂੰ ਮਿਲਦੇ ਹਨ ਜਿਸ ਦੇ ਅਧੀਨ ਉਹ ਆਉਂਦੇ ਹਨ।

EHD ਨਕਸ਼ੇ ਅਤੇ ਵਾਧੂ ਡੇਟਾ ਨੇ WSDOT ਨੂੰ ਉਹਨਾਂ ਖੇਤਰਾਂ ਦੀ ਪਛਾਣ ਕਰਨ ਵਿੱਚ ਮਦਦ ਕੀਤੀ ਜਿੱਥੇ ਆਵਾਜਾਈ ਵਿੱਚ ਨਿਵੇਸ਼ (ਭਾਵ ਪੈਦਲ ਚੱਲਣ, ਸਾਈਕਲ ਚਲਾਉਣ, ਜਾਂ ਆਪਸੀ ਜੁੜਾਵ ਨੂੰ ਬਿਹਤਰ ਬਣਾਉਣਾ) ਵਾਤਾਵਰਣ ਅਤੇ ਸਮਾਜਿਕ ਬੋਝ ਝੱਲ ਰਹੇ ਭਾਈਚਾਰਿਆਂ ਨੂੰ ਸਭ ਤੋਂ ਵੱਧ ਲਾਭ ਪਹੁੰਚਾ ਸਕਦਾ ਹੈ।

# EHD ਨਕਸ਼ੇ 'ਤੇ ਕਬਾਇਲੀ ਸਲਾਹ-ਮਸ਼ਵਰਾ

HEAL ਐਕਟ DOH ਲਈ ਇਹ ਲਾਜ਼ਮੀ ਕਰਦਾ ਹੈ ਕਿ ਉਹ EHD ਨਕਸ਼ੇ ਦੇ ਵਿਕਾਸ ਬਾਰੇ ਫੈਡਰਲ ਤੌਰ 'ਤੇ ਮਾਨਤਾ ਪ੍ਰਾਪਤ ਕਬੀਲਿਆਂ ਨਾਲ ਸਲਾਹ-ਮਸ਼ਵਰੇ ਦੀ ਪੇਸ਼ਕਸ਼ ਕਰੇ। 2023 ਵਿੱਚ, DOH ਨੇ ਸੁਣਵਾਈ ਸੈਸ਼ਨ ਅਤੇ ਰਾਉਂਡ ਟੇਬਲ ਮੀਟਿੰਗਾਂ ਕੀਤੀਆਂ। ਇਸ ਦੇ ਨਤੀਜੇ ਵਜੋਂ ਮਈ 2023 ਵਿੱਚ ਰਸਮੀ ਸਲਾਹ-ਮਸ਼ਵਰਾ ਕੀਤਾ ਗਿਆ। ਇਸ ਸਹਿਯੋਗ ਅਤੇ ਸਲਾਹ-ਮਸ਼ਵਰੇ ਦੌਰਾਨ, DOH ਨੇ ਸੁਣਿਆ ਕਿ ਮੌਜੂਦਾ ਟੂਲ ਵਿੱਚ ਕਬਾਇਲੀ ਤਰਜੀਹਾਂ ਅਤੇ ਕਦਰਾਂ-ਕੀਮਤਾਂ ਨੂੰ ਢੁਕਵੇਂ ਰੂਪ ਵਿੱਚ ਦਰਸਾਇਆ ਨਹੀਂ ਗਿਆ ਹੈ।

ਇਸ ਦੇ ਜਵਾਬ ਵਿੱਚ, ਅਸੀਂ ਨਕਸ਼ੇ ਬਾਰੇ ਕਬਾਇਲੀ ਚਿੰਤਾਵਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ, ਨਕਸ਼ੇ ਬਾਰੇ ਜਾਣਕਾਰੀ ਪ੍ਰਦਾਨ ਕਰਨ, ਅਤੇ ਕਬਾਇਲੀ ਦ੍ਰਿਸ਼ਟੀਕੋਣਾਂ ਅਤੇ ਕਦਰਾਂ-ਕੀਮਤਾਂ ਨੂੰ ਸ਼ਾਮਲ ਕਰਨਾ ਯਕੀਨੀ ਬਣਾਉਣ ਲਈ ਆਪਣੇ ਕਬਾਇਲੀ ਪਹੁੰਚ ਨੂੰ ਵਧਾਇਆ ਹੈ।

DOH ਕਬੀਲਿਆਂ ਅਤੇ ਭਾਈਚਾਰਿਆਂ ਵੱਲੋਂ ਮਹੱਤਵਪੂਰਨ ਵਜੋਂ ਉਠਾਏ ਗਏ ਵਾਧੂ ਮਾਪਦੰਡਾਂ ਨੂੰ ਅਗਲੇ ਸੰਸਕਰਣ ਵਿੱਚ ਸ਼ਾਮਲ ਕਰਨ ਦੀ ਯੋਜਨਾ ਬਣਾ ਰਿਹਾ ਹੈ। DOH ਇਹ ਵੀ ਦੱਸਦਾ ਹੈ ਕਿ HEAL ਐਕਟ ਅਤੇ Climate Commitment Act ਦੇ ਤਹਿਤ ਕਬਾਇਲੀ ਜ਼ਮੀਨਾਂ ਨੂੰ ਜ਼ਿਆਦਾ ਬੋਝ ਵਾਲੇ ਭਾਈਚਾਰਿਆਂ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

# EHD ਨਕਸ਼ੇ ਦੀਆਂ ਸੀਮਾਵਾਂ

- EHD ਨਕਸ਼ਾ ਜੋਖਮ ਅਤੇ ਸੰਚਿਤ ਵਾਤਾਵਰਣ ਸੰਬੰਧੀ ਪ੍ਰਭਾਵ ਲਈ ਖਾਸ ਮਾਡਲ 'ਤੇ ਆਧਾਰਿਤ ਹੈ। ਇਹ ਇਹਨਾਂ ਜੋਖਮਾਂ ਨੂੰ ਮਾਪਣ ਦੇ ਕਈ ਤਰੀਕਿਆਂ ਵਿੱਚੋਂ ਇੱਕ ਨੂੰ ਦਰਸਾਉਂਦਾ ਹੈ। ਨਕਸ਼ੇ ਵਿੱਚ ਭਾਈਚਾਰਿਆਂ ਅਤੇ ਕਬੀਲਿਆਂ ਲਈ ਮਹੱਤਵਪੂਰਨ ਕਾਰਕ ਵੀ ਸ਼ਾਮਲ ਹਨ ਅਤੇ ਉਨ੍ਹਾਂ ਦੇ ਅਸਲ ਜੀਵਨ ਦੇ ਤਜ਼ਰਬਿਆਂ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਹਾਲਾਂਕਿ, ਵਾਤਾਵਰਣ ਸੰਬੰਧੀ ਸਿਹਤ ਜੋਖਮਾਂ ਦਾ ਕੋਈ ਇੱਕ ਨਿਸ਼ਚਿਤ ਅਸਲ ਮੁੱਲ ਨਹੀਂ ਹੈ ਜਿਸਨੂੰ ਅਸੀਂ ਮਾਪ ਸਕਦੇ ਹਾਂ।
- ਨਕਸ਼ੇ ਵਿੱਚ ਇਹ ਨਹੀਂ ਦੱਸਿਆ ਗਿਆ ਹੈ ਕਿ ਪ੍ਰਦੂਸ਼ਕ ਵਾਤਾਵਰਣ ਵਿੱਚ ਕਿਵੇਂ ਦਾਖਲ ਹੁੰਦੇ ਹਨ। ਇਹ ਵੀ ਨਹੀਂ ਦਰਸਾਉਂਦਾ ਹੈ ਕਿ ਪ੍ਰਦੂਸ਼ਕ ਅਤੇ ਸਮਾਜਿਕ ਕਾਰਕ ਆਪਸ ਵਿੱਚ ਕਿਵੇਂ ਅਸਰ ਪਾਉਂਦੇ ਹਨ। ਜਨਗਣਨਾ ਖੇਤਰ ਰਾਹੀਂ ਡੇਟਾ ਨੂੰ ਮਾਪਣਾ, ਗਣਨਾ ਕਰਨਾ ਅਤੇ ਸਾਰ ਬਣਾਉਣਾ ਧਾਰਨਾਵਾਂ ਬਣਾਉਂਦਾ ਹੈ। ਅਜਿਹੇ ਮਹੱਤਵਪੂਰਨ ਕਾਰਕ ਹਨ ਜਿਨ੍ਹਾਂ ਨੂੰ ਅਸੀਂ ਨਕਸ਼ੇ ਵਿੱਚ ਸ਼ਾਮਲ ਨਹੀਂ ਕਰ ਸਕਦੇ ਕਿਉਂਕਿ ਸਾਡੇ ਕੋਲ ਪੂਰੇ ਰਾਜ ਵਿੱਚ ਉਨ੍ਹਾਂ ਨੂੰ ਮਾਪਣ ਲਈ ਸਾਧਨ ਨਹੀਂ ਹਨ।
- ਕੁਝ ਮਾਪਦੰਡ ਵੱਡੀਆਂ ਚਿੰਤਾਵਾਂ ਲਈ ਪ੍ਰੌਕਸੀ ਜਾਂ ਬਦਲ ਵਜੋਂ ਕੰਮ ਕਰਦੇ ਹਨ ਜਿਨ੍ਹਾਂ ਨੂੰ ਅਸੀਂ ਸਿੱਧੇ ਤੌਰ 'ਤੇ ਨਹੀਂ ਮਾਪ ਸਕਦੇ। ਉਦਾਹਰਨ ਲਈ, ਬਹੁਤ ਸਾਰੇ ਭਾਈਚਾਰੇ ਘਰ ਵਿੱਚ ਟੂਟੀ ਵਿੱਚੋਂ ਆਉਣ ਵਾਲੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਬਾਰੇ ਚਿੰਤਤ ਹਨ। ਪੂਰੇ ਰਾਜ ਦੇ ਘਰਾਂ ਤੋਂ ਪਾਣੀ ਦੇ ਨਮੂਨੇ ਇਕੱਠੇ ਕੀਤੇ ਅਤੇ ਅਧਿਐਨ ਕੀਤੇ ਬਿਨਾਂ ਇਸਨੂੰ ਮਾਪਣਾ ਮੁਸ਼ਕਲ ਹੈ।

- ਨਕਸ਼ੇ ਵਿੱਚ ਮੌਜੂਦ ਕਈ ਮਾਪਦੰਡ ਪੀਣ ਵਾਲੇ ਪਾਣੀ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਵਿੱਚ ਗੰਦੇ ਪਾਣੀ ਦਾ ਨਿਕਾਸ, ਖ਼ਤਰਨਾਕ ਰਹਿੰਦ-ਖੂੰਹਦ ਵਾਲੀਆਂ ਥਾਵਾਂ ਦੀ ਨੇੜਤਾ, ਕੀਟਨਾਸ਼ਕਾਂ ਦਾ ਸੰਪਰਕ, ਅਤੇ ਸਤਹੀ ਪਾਣੀ ਦੀ ਗੁਣਵੱਤਾ (ਨੇੜਲੇ ਜਲ ਸਰੋਤਾਂ ਵਿੱਚ ਮੌਜੂਦ ਪ੍ਰਦੂਸ਼ਕ) ਸ਼ਾਮਲ ਹਨ। ਹਾਲਾਂਕਿ, ਇਹ ਕਾਰਕ ਸਿੱਧੇ ਤੌਰ 'ਤੇ ਜਲ ਪ੍ਰਣਾਲੀਆਂ ਰਾਹੀਂ ਇਕੱਠੇ ਕੀਤੇ ਗਏ ਡੇਟਾ ਦੀ ਵਰਤੋਂ ਨਹੀਂ ਕਰਦੇ ਹਨ। ਇਹ ਮਾਪ ਵਿਅਕਤੀਗਤ ਪੱਧਰ ਦੇ ਕਾਰਕਾਂ ਨੂੰ ਵੀ ਧਿਆਨ ਵਿੱਚ ਨਹੀਂ ਰੱਖਦੇ। ਉਦਾਹਰਨ ਲਈ, ਨਿੱਜੀ ਖੂਹ ਦੀ ਵਰਤੋਂ ਕਰਨਾ ਜਾਂ ਪੁਰਾਣੀਆਂ ਪਾਈਪਾਂ ਵਾਲੇ ਘਰ ਵਿੱਚ ਰਹਿਣਾ ਜੋ ਪਾਣੀ ਵਿੱਚ ਜ਼ਹਿਰੀਲੀਆਂ ਭਾਰੀ ਧਾਤਾਂ ਛੱਡਣ ਦੀ ਜ਼ਿਆਦਾ ਸੰਭਾਵਨਾ ਰੱਖਦੀਆਂ ਹਨ।
- ਮਾਪਦੰਡ ਜੋਖਮ ਅਤੇ ਕਮਜ਼ੋਰੀ ਦੀ ਗਣਨਾ ਕਰਨ ਲਈ ਵੱਖ-ਵੱਖ ਤਰੀਕਿਆਂ ਦੀ ਵਰਤੋਂ ਕਰਦੇ ਹਨ। ਕੁਝ ਵੱਖ-ਵੱਖ ਪ੍ਰਦੂਸ਼ਕਾਂ ਦੇ ਸੰਪਰਕ ਵਿੱਚ ਆਉਣ ਦੇ ਆਧਾਰ 'ਤੇ ਵਿਅਕਤੀਆਂ ਲਈ ਨਮੂਨਾਬੱਧ ਜੋਖਮ ਨੂੰ ਦਰਸਾਉਂਦੇ ਹਨ। ਹੋਰ ਮਾਪਦੰਡ ਵਾਤਾਵਰਣ ਵਿੱਚ ਮੌਜੂਦ ਪ੍ਰਦੂਸ਼ਕਾਂ ਦੀ ਮਾਤਰਾ ਜਾਂ ਕਿਸੇ ਸੰਭਾਵੀ ਖਤਰੇ ਦੀ ਨੇੜਤਾ ਨੂੰ ਦਰਸਾਉਂਦੇ ਹਨ।
- ਮਾਪਦੰਡ ਜਨਗਣਨਾ ਖੇਤਰ ਦੀਆਂ ਔਸਤਾਂ 'ਤੇ ਵੀ ਆਧਾਰਿਤ ਹੁੰਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਸ ਭਾਈਚਾਰੇ ਦੇ ਹਰ ਵਿਅਕਤੀ ਦੀ ਸਹੀ ਪ੍ਰਤੀਨਿਧਤਾ ਕਰਦੇ ਹੋਣ। ਸਾਨੂੰ ਨਕਸ਼ੇ ਵਿੱਚ ਦਿੱਤੇ ਗਏ ਰੈਂਕਸ ਨੂੰ ਕਿਸੇ ਭਾਈਚਾਰੇ ਵਿੱਚ ਰਹਿਣ ਵਾਲੇ ਹਰ ਵਿਅਕਤੀ ਦੇ ਨਿੱਜੀ ਜੋਖਮ ਵਜੋਂ ਨਹੀਂ ਸਮਝਣਾ ਚਾਹੀਦਾ ਹੈ।
- ਇਹ ਨਕਸ਼ਾ ਸਾਰੇ ਵਾਤਾਵਰਣਕ ਜੋਖਮ ਕਾਰਕਾਂ ਨੂੰ ਸ਼ਾਮਲ ਨਹੀਂ ਕਰਦਾ ਹੈ। DOH ਸਾਰੇ ਵਾਸ਼ਿੰਗਟਨ ਵਾਸੀਆਂ ਦੇ ਤਜ਼ਰਬਿਆਂ ਨੂੰ ਬਿਹਤਰ ਢੰਗ ਨਾਲ ਦਰਸਾਉਣ ਲਈ ਭਾਈਚਾਰਿਆਂ ਅਤੇ ਕਬੀਲਿਆਂ ਦੇ ਸੁਝਾਵਾਂ ਨੂੰ ਲਗਾਤਾਰ ਸ਼ਾਮਲ ਕਰਨ ਦੀ ਯੋਜਨਾ ਬਣਾ ਰਿਹਾ ਹੈ।
- EHD ਨਕਸ਼ਾ ਟੀਮ ਇੱਕ ਗੁਣਾਤਮਕ EHD ਨਕਸ਼ਾ ਜਾਰੀ ਕਰਨ ਦੀ ਯੋਜਨਾ ਬਣਾ ਰਹੀ ਹੈ, ਜੋ ਕਾਉਂਟੀ ਖੇਤਰ ਅਨੁਸਾਰ ਭਾਈਚਾਰੇ ਦੀਆਂ ਕਹਾਣੀਆਂ ਨੂੰ ਸਾਂਝਾ ਕਰੇਗਾ। ਇਹ ਵਾਧਾ ਇਸ ਗੱਲ ਨੂੰ ਸਵੀਕਾਰ ਕਰਦਾ ਹੈ ਕਿ ਅਸੀਂ ਕਹਾਣੀਆਂ ਨੂੰ EHD ਨਕਸ਼ੇ ਵਿੱਚ ਜਲਦੀ ਸ਼ਾਮਲ ਨਹੀਂ ਕਰ ਸਕਦੇ ਅਤੇ ਅਜਿਹਾ ਸਾਧਨ ਪ੍ਰਦਾਨ ਨਹੀਂ ਕਰ ਸਕਦੇ ਜੋ ਭਾਈਚਾਰੇ ਦੇ ਮੌਜੂਦਾ ਅਸਲ ਤਜ਼ਰਬੇ ਨੂੰ ਪੂਰੀ ਤਰ੍ਹਾਂ ਦਰਸਾਉਂਦਾ ਹੋਵੇ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ EHD ਨਕਸ਼ਾ ਰਿਪੋਰਟ ਦੇਖੋ।
- ਇਹ ਨਕਸ਼ਾ ਸਿਰਫ਼ ਉਹ ਡੇਟਾ ਪੇਸ਼ ਕਰਦਾ ਹੈ ਜੋ ਜਨਗਣਨਾ ਖੇਤਰ ਪੱਧਰ 'ਤੇ ਪੂਰੇ ਰਾਜ ਵਿੱਚ ਉਪਲਬਧ ਹੈ। ਬਹੁਤ ਸਾਰੇ ਮਾਮਲਿਆਂ ਵਿੱਚ, ਸਥਾਨਕ ਡੇਟਾ ਰਾਜ ਪੱਧਰੀ ਡੇਟਾ ਨਾਲੋਂ ਭਾਈਚਾਰੇ ਦੇ ਤਜ਼ਰਬੇ ਨੂੰ ਵਧੀਆ ਢੰਗ ਨਾਲ ਦਰਸਾ ਸਕਦਾ ਹੈ। ਕਾਉਂਟੀ ਅਤੇ ਸ਼ਹਿਰ ਦੇ ਡੇਟਾ ਅਤੇ ਨਕਸ਼ੇ, ਜੇਕਰ ਮੌਜੂਦ ਹਨ, ਤਾਂ ਸਥਾਨਕ ਫੈਸਲਿਆਂ ਲਈ ਵਧੇਰੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

# ਭਵਿੱਖ ਦੇ EHD ਨਕਸ਼ੇ ਦੇ ਸੰਸਕਰਣ

HEAL ਐਕਟ ਤਹਿਤ DOH ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਭਾਈਚਾਰਿਆਂ ਅਤੇ ਕਮਜ਼ੋਰ ਆਬਾਦੀਆਂ ਦੇ ਪ੍ਰਤੀਨਿਧੀਆਂ ਤੋਂ ਸੁਝਾਅ ਲੈਣ ਦੀ ਲੋੜ ਹੁੰਦੀ ਹੈ। ਅਸੀਂ ਇਹ ਭਾਈਚਾਰਕ ਸ਼ਮੂਲੀਅਤ, ਕਬਾਇਲੀ ਸਹਿਯੋਗ ਅਤੇ ਸਲਾਹ-ਮਸ਼ਵਰੇ, ਪੂਰੇ ਰਾਜ ਵਿੱਚ ਸੁਣਵਾਈ ਸੈਸ਼ਨਾਂ ਅਤੇ ਜਨਤਕ ਟਿੱਪਣੀ ਦੇ ਮੌਕਿਆਂ ਰਾਹੀਂ ਕਰਦੇ ਹਾਂ।

ਰਾਜ ਏਜੰਸੀ ਹੋਣ ਦੇ ਨਾਤੇ, ਅਸੀਂ ਫੀਡਬੈਕ ਪ੍ਰਾਪਤ ਕਰਨ ਲਈ ਖੁਸ਼ਕਿਸਮਤ ਹਾਂ। ਫੀਡਬੈਕ ਨਕਸ਼ੇ ਦੇ ਕਈ ਹਿੱਸਿਆਂ ਨੂੰ ਕਵਰ ਕਰਦਾ ਹੈ। ਇਸ ਫੀਡਬੈਕ ਦੀ ਸਮੀਖਿਆ ਕਰਦੇ ਹੋਏ, ਸਾਡੀ ਟੀਮ ਆਪਣੇ ਆਪ ਤੋਂ ਪੁੱਛਦੀ ਰਹਿੰਦੀ ਹੈ, "ਕੀ ਕੋਈ ਅਜਿਹੇ ਤਰੀਕੇ ਹਨ ਜਿਨ੍ਹਾਂ ਨਾਲ ਅਸੀਂ EHD ਨਕਸ਼ੇ ਵਿੱਚ ਬਦਲਾਅ ਕਰ ਸਕਦੇ ਹਾਂ? ਕੀ ਇਸ ਨੂੰ ਭਾਈਚਾਰਿਆਂ ਅਤੇ ਕਬਾਇਲੀਆਂ ਲਈ ਵਧੇਰੇ ਉਪਯੋਗੀ ਬਣਾਉਣ ਲਈ ਕੋਈ ਮਾਰਗਦਰਸ਼ਨ ਹੈ?"

ਕੁਝ ਫੀਡਬੈਕ ਵਿੱਚ ਵਿਸ਼ਿਆਂ ਦੀਆਂ ਉਹ ਵੱਖ-ਵੱਖ ਸ਼੍ਰੇਣੀਆਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਇਸ ਸਮੇਂ ਨਕਸ਼ੇ 'ਤੇ ਨਹੀਂ ਦਰਸਾਈਆਂ ਗਈਆਂ ਹਨ। ਇਹਨਾਂ ਵਿਸ਼ਿਆਂ ਵਿੱਚ ਵਾਤਾਵਰਣ ਸੰਬੰਧੀ, ਸਮਾਜਿਕ ਅਤੇ ਸਿਹਤ ਸੰਬੰਧੀ ਚਿੰਤਾਵਾਂ ਸ਼ਾਮਲ ਹਨ।

ਸਾਡੀ ਟੀਮ ਨੂੰ ਇਹਨਾਂ ਵਿਸ਼ਿਆਂ ਦੀ ਸਮੀਖਿਆ ਕਰਨ ਵਿੱਚ ਮਦਦ ਕਰਨ ਲਈ, ਅਸੀਂ ਇਹ ਫ਼ੈਸਲਾ ਕਰਨ ਵਾਸਤੇ ਇੱਕ ਪ੍ਰਕਿਰਿਆ ਤਿਆਰ ਕੀਤੀ ਹੈ ਕਿ ਕਿਸੇ ਚਿੰਤਾ, ਵਿਚਾਰ ਜਾਂ ਵਿਸ਼ੇ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਪੇਸ਼ ਕੀਤਾ ਜਾਵੇ। ਇਸ ਪ੍ਰਕਿਰਿਆ ਦੀ ਰੂਪਰੇਖਾ ਅਗਲੇ ਪੰਨੇ 'ਤੇ ਦਿੱਤੇ ਚਿੱਤਰ ਵਿੱਚ ਤਿਆਰ ਕੀਤੀ ਗਈ ਹੈ। ਇਹ ਗੁਣਾਤਮਕ ਨਕਸ਼ੇ ਜਾਂ ਭਵਿੱਖ ਦੇ ਕਿਸੇ ਸਾਧਨ ਜਾਂ ਸਰੋਤ ਵਿੱਚ ਨਵਾਂ EHD ਨਕਸ਼ਾ ਮਾਪਦੰਡ ਓਵਰਲੇਅ ਜੋੜਨ ਵਾਂਗ ਹੋ ਸਕਦਾ ਹੈ।




ਭਵਿੱਖ ਵਿੱਚ EHD ਨਕਸ਼ੇ ਦੇ ਵਿਕਾਸ ਲਈ ਅੱਗੇ ਕੀ ਹੋਵੇਗਾ, ਇਸ ਬਾਰੇ ਵਧੇਰੇ ਜਾਣਕਾਰੀ ਲਈ EHD ਨਕਸ਼ਾ ਰਿਪੋਰਟ ਦੇਖੋ।

# EHD ਨਕਸ਼ੇ ਦਾ ਹਵਾਲਾ ਕਿਵੇਂ ਦੇਣਾ ਹੈ

Washington State Department of Health (ਵਾਸ਼ਿੰਗਟਨ ਰਾਜ ਸਿਹਤ ਵਿਭਾਗ)। Washington Environmental Health Disparities (ਵਾਸ਼ਿੰਗਟਨ ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾਵਾਂ) ਦਾ ਨਕਸ਼ਾ ਸੰਸਕਰਣ 3.0. 2026।

# Environmental Health Disparities ਦੇ ਨਕਸ਼ੇ ਦੀ ਟੀਮ ਨਾਲ ਸੰਪਰਕ ਕਰੋ

ਅਸੀਂ ਇੱਥੇ ਇਸ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਹਾਂ ਕਿ ਨਕਸ਼ੇ ਦੀ ਵਰਤੋਂ ਕਿਵੇਂ ਕਰਨੀ ਹੈ ਜਾਂ ਨਕਸ਼ੇ ਵਿਚਲੀ ਜਾਣਕਾਰੀ ਨੂੰ ਕਿਵੇਂ ਸਮਝਣਾ ਹੈ। ਜੇਕਰ ਤੁਹਾਡੇ ਕੋਈ ਸਵਾਲ, ਚਿੰਤਾਵਾਂ, ਜਾਂ EHD ਨਕਸ਼ੇ ਜਾਂ ਇਸ ਦੇ ਸਾਧਨਾਂ ਨੂੰ ਬਿਹਤਰ ਬਣਾਉਣ ਬਾਰੇ ਕੋਈ ਸੁਝਾਅ ਹਨ, ਤਾਂ ਕਿਰਪਾ ਕਰਕੇ ਸਾਨੂੰ ਜ਼ਰੂਰ ਦੱਸੋ। ਅਸੀਂ ਤੁਹਾਨੂੰ ਇਹ ਦੱਸਣ ਲਈ ਵੀ ਉਤਸ਼ਾਹਿਤ ਕਰਦੇ ਹੋਏ ਹਾਂ ਕਿ ਤੁਸੀਂ ਸਾਡੇ ਨਕਸ਼ੇ ਦੀ ਵਰਤੋਂ ਕਿਵੇਂ ਕਰਦੇ ਹੋ। ਸਾਨੂੰ ਤੁਹਾਡੇ ਵੱਲੋਂ ਸੁਣ ਕੇ ਅਤੇ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਨਕਸ਼ਾ ਤੁਹਾਡੀ ਬਿਹਤਰ ਸੇਵਾ ਕਿਵੇਂ ਕਰ ਸਕਦਾ ਹੈ। ਕਿਰਪਾ ਕਰਕੇ ਆਪਣੇ ਸਵਾਲ ਸਾਨੂੰ EHDmap@doh.wa.gov 'ਤੇ ਈਮੇਲ ਕਰੋ।

# ਵਾਸ਼ਿੰਗਟਨ ਟਰੈਕਿੰਗ ਨੈੱਟਵਰਕ ਅਤੇ EHD ਨਕਸ਼ਾ ਸਰੋਤ:

Environmental Health Disparities ਨਕਸ਼ੇ ਦਾ ਵੈੱਬਪੇਜ

Environmental Health Disparities ਨਕਸ਼ਾ

Environmental Health Disparities ਨਕਸ਼ੇ ਦੀ ਰਿਪੋਰਟ

Washington State Geospatial Open Data Portal EHD ਨਕਸ਼ਾ

# ਵਾਧੂ ਸਾਧਨ ਅਤੇ ਸਰੋਤ:

Agency for Toxic Substances and Disease Registry (ਜ਼ਹਿਰੀਲੇ ਪਦਾਰਥ ਅਤੇ ਬਿਮਾਰੀ ਰਜਿਸਟਰੀ ਏਜੰਸੀ) - ਵਾਤਾਵਰਣ ਸੰਬੰਧੀ ਨਿਆਂ ਸੂਚਕਾਂਕ

Centers for Disease Control and Prevention (ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ) - ਸਮਾਜਿਕ ਕਮਜ਼ੋਰੀ ਸੂਚਕਾਂਕ

Environmental Justice Council (ਵਾਤਾਵਰਣ ਸੰਬੰਧੀ ਨਿਆਂ ਕੌਂਸਲ)

University of Wisconsin – ਖੇਤਰ ਕਮੀ ਸੂਚਕਾਂਕ

Washington State Department of Health - Clean Energy Transformation Act – ਸੰਚਿਤ ਪ੍ਰਭਾਵ ਵਿਸ਼ਲੇਸ਼ਣ

Washington State Department of Health – ਛੋਟੇ ਨੰਬਰਾਂ ਨਾਲ ਕੰਮ ਕਰਨ ਲਈ ਦਿਸ਼ਾ-ਨਿਰਦੇਸ਼

Washington State Department of Health – ਜਨਤਕ ਸਿਹਤ ਮੁਲਾਂਕਣ ਲਈ ਪੇਂਡੂ-ਸ਼ਹਿਰੀ ਵਰਗੀਕਰਨ ਪ੍ਰਣਾਲੀਆਂ ਦੀ ਵਰਤੋਂ ਕਰਨ ਲਈ ਦਿਸ਼ਾ-ਨਿਰਦੇਸ਼

Washington State Institute for Public Policy (ਵਾਸ਼ਿੰਗਟਨ ਰਾਜ ਦੀ ਲੋਕ ਨੀਤੀ ਸੰਸਥਾ) – EHD ਨਕਸ਼ੇ ਦੀ ਤਕਨੀਕੀ ਸਮੀਖਿਆ

Federal Emergency Management Agency (FEMA, ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ) ਦਾ ਰਾਸ਼ਟਰੀ ਜੋਖਮ ਸੂਚਕਾਂਕ

ਅਮਰੀਕੀ Department of Transportation (ਆਵਾਜਾਈ ਵਿਭਾਗ) – ਆਵਾਜਾਈ ਤੋਂ ਵਾਂਝੇ ਜਨਗਣਨਾ ਖੇਤਰ

ਅਮਰੀਕੀ Department of Transportation – ਆਵਾਜਾਈ ਤੋਂ ਵਾਂਝੇ ਜਨਗਣਨਾ ਖੇਤਰ ਬਾਰੇ ਹਦਾਇਤਾਂ

ਉਨ੍ਹਾਂ ਸਰੋਤਾਂ ਦੀ ਭਾਲ ਕਰੋ ਜਿਨ੍ਹਾਂ 'ਤੇ ਤੁਹਾਡੇ ਵੱਲੋਂ ਸਲਾਹ-ਮਸ਼ਵਰਾ ਕੀਤੇ ਜਾਣ ਵਾਲੇ ਭਾਈਚਾਰਿਆਂ ਅਤੇ ਕਬੀਲਿਆਂ ਦਾ ਭਰੋਸਾ ਹੋਵੇ: (ਉਦਾਹਰਨ ਲਈ, National Tribal Toxics Council (ਰਾਸ਼ਟਰੀ ਕਬਾਇਲੀ ਜ਼ਹਿਰੀਲੇ ਪਦਾਰਥ ਕੌਂਸਲ)।

Washington State Department of HEALTH

**DOH 334-623 July 2026 CS Punjabi**

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।